ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-2 ਸ਼ਾਖਾ)

ਹੁਕਮ

ਪੰਜਾਬ ਰਾਜ ਵਿੱਚ ਲੈਕਚਰਾਰ, ਮਾਸਟਰ / ਮਿਸਟ੍ਰੈਸ ਅਤੇ ਸੀ ਐਂਡ ਵੀ ਕਾਡਰ ਦੇ ਅਧਿਆਪਕਾਂ ਦੀਆਂ ਵਾਧੂ ਅਸਾਮੀਆਂ / ਸਰਪਲੱਸ ਅਧਿਆਪਕਾਂ ਨੂੰ ਲੋੜਵੰਦ ਸਕੂਲਾਂ ਵਿੱਚ ਸ਼ਿਫਟ / ਤਬਦੀਲ ਕਰਨ ਦੀ ਜ਼ਰੂਰਤ ਹੈ। ਸਕੂਲਾਂ ਵਿੱਚੋਂ ਵਾਧੂ ਅਸਾਮੀਆਂ / ਸਰਪਲੱਸ ਅਧਿਆਪਕਾਂ ਨੂੰ ਸ਼ਿਫਟ / ਤਬਦੀਲ ਕਰਨ ਲਈ ਹੇਠ ਲਿਖੇ ਅਨੁਸਾਰ ਪਾਲਿਸੀ ਬਣਾਉਣ ਦੀ ਤਜੀਵਜ਼ ਹੈ :

ੳ. ਰੈਸ਼ਨੇਲਾਈਜ਼ੇਸ਼ਨ ਲਈ ਬੱਚਿਆਂ ਦੀ ਗਿਣਤੀ ਦਾ ਆਧਾਰ 30-09-2009 ਦੇ ਅੰਕੜੇ ਹੋਣਗੇ।

ਅ. ਛੇਵੀਂ ਤੋਂ ਦਸਵੀਂ ਤੱਕ ਦੀਆਂ ਸ਼੍ਰੇਣੀਆਂ ਵਾਸਤੇ ਅਧਿਆਪਕ-ਵਿਦਿਆਰਥੀ ਦਾ ਅਨੁਪਾਤ 1:40 ਹੋਵੇਗਾ ਅਰਥਾਤ ਸੈਕਸ਼ਨ 40 ਵਿਦਿਆਰਥੀਆਂ ਦਾ ਹੋਵੇਗਾ ਇਸ ਵਿੱਚ 10% ਦਾ ਵਾਧਾ ਕੀਤਾ ਜਾ ਸਕੇਗਾ, ਭਾਵ 45ਵੇਂ ਵਿਦਿਆਰਥੀ ਤੇ ਦੂਜਾ ਸੈਕਸ਼ਨ ਬਣਾਇਆ ਜਾ ਸਕੇਗਾ। 10+1 ਅਤੇ 10+2 ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਅਧਿਆਪਕ-ਵਿਦਿਆਰਥੀਆਂ ਦਾ ਅਨੁਪਾਤ 1:60 ਹੋਵੇਗਾ ਅਰਥਾਤ ਇੱਕ ਸੈਕਸ਼ਨ 60 ਵਿਦਿਆਰਥੀਆਂ ਦਾ ਹੋਵੇਗਾ। ਇਸ ਵਿੱਚ 10% ਦਾ ਵਾਧਾ ਕੀਤਾ ਜਾ ਸਕੇਗਾ, ਭਾਵ 67ਵੇਂ ਵਿਦਿਆਰਥੀ ਤੇ ਦੂਜਾ ਸੈਕਸ਼ਨ ਬਣਾਇਆ ਜਾ ਸਕੇਗਾ। 10+1 ਜਾਂ 10+2 ਸ਼੍ਰੇਣੀ ਵਿੱਚ ਸਟਰੀਮ/ਗਰੁੱਪ/ਵਿਸ਼ਾ ਚਲਾਉਣ ਲਈ ਘੱਟੋ-ਘੱਟ 10 ਵਿਦਿਆਰਥੀਆਂ ਦਾ ਹੋਣਾ ਜਰੂਰੀ ਹੈ। ਇਸ ਤੋਂ ਘੱਟ ਵਿਦਿਆਰਥੀ ਹੋਣ ਤੇ ਸਟਰੀਮ/ਗਰੁੱਪ/ਵਿਸ਼ਾ ਚਾਲੂ ਨਹੀ ਕੀਤਾ ਜਾਵੇਗਾ।

ੲ. (i) ਅਧਿਆਪਕਾਂ ਵੱਲੋਂ ਲਏ ਜਾ ਰਹੇ ਮੌਜੂਦਾ/ਤਜ਼ਵੀਜ਼ਤ ਪੀਰੀਅਡਾਂ ਦਾ ਨਾਰਮ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਅਹੁਦਾ | ਵਿਦਿਆਰਥੀਆਂ ਦੀ ਗਿਣਤੀ | ਪੀਰੀਅਡਾਂ ਦੀ ਗਿਣਤੀ | | ਵਿਸ਼ੇਸ਼ ਕਥਨ |
|---|---|---|---|---|---|
| | | | ਮੌਜੂਦਾ | ਤਜ਼ਵੀਜ਼ਤ | |
| 1 | ਪ੍ਰਿੰਸੀਪਲ | -- | **11** | **9** | |
| 2 | ਹੈਡਮਾਸਟਰ | 500 ਤੱਕ | **18** | **15** | |
| | | 1000 ਤੱਕ | **15** | **12** | |
| | | 1500 ਤੱਕ | **12** | **10** | |
| | | 2000 ਤੱਕ | **09** | **07** | |
| 3 | ਲੈਕਚਰਾਰ | | **27-30** | **27-30** | 10+1 ਅਤੇ 10+2 ਸ਼੍ਰੇਣੀਆਂ ਵਿੱਚ ਪੀਰੀਅਡ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਲੈਕਚਰਾਰ ਨੂੰ ਹੇਠਲੀਆਂ ਕਲਾਸਾਂ ਦੇ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾਣਗੇ ਜਿਸ ਵਿਸ਼ੇ ਦਾ ਉਹ ਲੈਕਚਰਾਰ ਹੈ। ਜੇਕਰ ਫਿਰ ਵੀ ਵਰਕ-ਲੋਡ ਪੂਰਾ ਨਹੀ ਹੁੰਦਾ ਤਾਂ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ, ਜਿਸ ਵਿਸ਼ੇ ਵਿੱਚੋਂ ਪ੍ਰਮੋਟ ਹੋਇਆ ਹੈ। |
| 4 | ਮਾਸਟਰ / ਮਿਸਟ੍ਰੈਸ | | **33-36** | **30-33** | |
| 5 | ਸੀ.ਐਂਡ ਵੀ | | **36-39** | **33-36** | |

- ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਪ੍ਰਿੰਸੀਪਲ / ਹੈਡਮਾਸਟਰ ਵੱਲੋਂ ਲਏ ਜਾਣ ਵਾਲੇ ਪੀਰਿਅਡ ਰੈਸ਼ਨੇਲਾਈਜ਼ੇਸ਼ਨ ਲਈ ਨਾ ਗਿਣੇ ਜਾਣ। ਇਸੇ ਤਰ੍ਹਾਂ ਜੇ ਕੋਈ ਮਾਸਟਰ/ਲੈਕਚਰਾਰ

ਡੀ.ਡੀ.ਓ. ਪਾਵਰ ਹੋਣ ਕਾਰਨ ਕਾਰਜਕਾਰੀ ਮੁੱਖ ਅਧਿਆਪਕ/ਪ੍ਰਿੰਸੀਪਲ ਵੱਜੋਂ ਡਿਊਟੀ ਨਿਭਾ ਰਿਹਾ ਹੈ ਤਾਂ ਉਹ ਕ੍ਰਮਵਾਰ 15 ਅਤੇ 9 ਪੀਰੀਅਡ ਲਵੇਗਾ ।

ii. ਛੇਵੀਂ ਤੋਂ ਦਸਵੀਂ ਤੱਕ ਦੀਆਂ ਸ਼੍ਰੇਣੀਆਂ ਲਈ ਵੱਖ-2 ਵਿਸ਼ਿਆ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ:

| **ਵਿਸ਼ਾ** | **ਛੇਵੀਂ ਤੋਂ ਅੱਠਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ** | **ਨੌਵੀਂ ਤੇ ਦਸਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ** |
|---|---|---|
| ਅੰਗਰੇਜ਼ੀ | 8 | 7 |
| ਸਮਾਜਿਕ ਸਿੱਖਿਆ | 6 | 5 |
| ਪੰਜਾਬੀ | 6 | 6 |
| ਹਿੰਦੀ | 4 | 5 |
| ਹਿਸਾਬ | 8 | 7 |
| ਸਾਇੰਸ | 6 | 8 |
| ਸਰੀਰਿਕ ਸਿੱਖਿਆ | 3 | 3 |
| ਇਲੈਕਟਿਵ ਵਿਸ਼ਾ | 3 | 3 |
| ਕੰਪਿਊਟਰ ਸਿੱਖਿਆ | 4 | 4 |
| ਸਹਿ ਕ੍ਰਿਆਵਾਂ | 2* | - |
| ਲਾਇਬ੍ਰੇਰੀ | 2* | - |
| ਸਹਿ ਕ੍ਰਿਆਵਾਂ/ ਲਾਇਬ੍ਰੇਰੀ | - | 4* |
| **ਕੁੱਲ ਜੋੜ** | **48** | **48** |

* ਸਿਰਫ ਉਹਨਾਂ ਸਕੂਲਾਂ ਲਈ ਜਿੱਥੇ ਕੰਪਿਊਟਰ ਸਿੱਖਿਆ ਨਹੀਂ ਚਲਦੀ ।

iii. 10+1 ਅਤੇ 10+2 ਸ਼੍ਰੇਣੀਆਂ ਲਈ ਵੱਖ-2 ਸਟਰੀਮ/ਗਰੁੱਪ/ਵਿਸ਼ਿਆ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ:** | **ਸਟਰੀਮ /ਗਰੁੱਪ** | **ਵਿਸ਼ਾ** | **ਪੀਰੀਅਡਾਂ ਦੀ ਗਿਣਤੀ** | |
|---|---|---|---|---|
| | | | **ਥਿਊਰੀ** | **ਪਰੈਕਟੀਕਲ** |
| 1 | ਸਾਇੰਸ ਮੈਡੀਕਲ / ਨਾਨ ਮੈਡੀਕਲ | ਫਜਿਕਸ | 6 | 6 |
| | | ਕਮਿਸਟਰੀ | 6 | 6 |
| | | ਬਾਇਆਲੋਜੀ | 6 | 6 |
| | | ਮੈਥ | 9 | ਲਾਗੂ ਨਹੀ |
| 2 | ਹਿਊਮੈਨਟੀਜ਼ ਗਰੁੱਪ | ਹਿਸਟਰੀ | 6 | ਲਾਗੂ ਨਹੀ |
| | | ਪੋਲ ਸਾਇੰਸ | 6 | ਲਾਗੂ ਨਹੀ |
| | | ਇਕਨਾਮਿਕਸ | 6 | ਲਾਗੂ ਨਹੀ |
| | | ਸੋਸ਼ਿਆਲੋਜੀ | 6 | ਲਾਗੂ ਨਹੀ |
| | | ਸਰੀਰਿਕ ਸਿੱਖਿਆ | 6 | ਲਾਗੂ ਨਹੀ |
| | | ਮਿਊਜ਼ਿਕ | 6 | ਲਾਗੂ ਨਹੀ |
| | | ਫਾਈਨ ਆਰਟਸ | 6 | ਲਾਗੂ ਨਹੀ |
| | | ਜੋਗਰਫੀ | 6 | 3 |
| | | ਹੋਮ ਸਾਇੰਸ | 6 | 3 |
| | | ਐਗਰੀਕਲਚਰ | 6 | 3 |
| 3 | ਭਾਸ਼ਾਵਾਂ | ਲਾਜ਼ਮੀ ਪੰਜਾਬੀ | 6 | ਲਾਗੂ ਨਹੀ |
| | | ਲਾਜ਼ਮੀ ਅੰਗਰੇਜ਼ੀ | 6 | ਲਾਗੂ ਨਹੀ |
| | | ਇਲੈਕਟਿਵ ਪੰਜਾਬੀ/ਹਿੰਦੀ/ਅੰਗਰੇਜ਼ੀ | 9 | ਲਾਗੂ ਨਹੀ |

| | | | | |
|---|---|---|---|---|
| 4 | ਕਮਰਸ ਗਰੁੱਪ | ਬਿਜਨਸ ਸਟਡੀਜ਼- I / II | 6 | ਲਾਗੂ ਨਹੀ |
| | | ਅਕਾਊਂਟੈਂਸੀ I / II | 6 | ਲਾਗੂ ਨਹੀ |
| | | ਬਿਜਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਿਡ I / II | 6 | ਲਾਗੂ ਨਹੀ |
| | | ਮਾਡਰਨ ਆਫਿਸ ਪ੍ਰੈਕਟਿਸ / ਫੰਡਾਮੈਂਟਲ ਆਫ ਈ-ਬਿਜਨਸ | 6 | ਲਾਗੂ ਨਹੀ |

ਸ. ਉਪਰੋਕਤ ਨਾਰਮ ਅਨੁਸਾਰ ਵਾਧੂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਲਈ ਤਜ਼ਵੀਜ਼ਾਂ ਤਿਆਰ ਕਰਦੇ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਵੀ ਉਚੇਚੇ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ:-

1. ਜੇਕਰ ਸਕੂਲ ਵਿੱਚ ਖਾਲੀ ਅਸਾਮੀ ਵਾਧੂ ਹੈ ਤਾਂ ਪਹਿਲਾਂ ਉਸਨੂੰ ਲੋੜਵੰਦ ਸਕੂਲ ਵਿੱਚ ਸ਼ਿਫਟ ਕੀਤਾ ਜਾਵੇ ।
2. ਸ਼ਹਿਰ ਵਿੱਚ ਪੈਂਦੇ ਸਕੂਲਾਂ ਨੂੰ ਇਕ ਇਕਾਈ ਮੰਨਦੇ ਹੋਏ ਜੇਕਰ ਉਸੇ ਸ਼ਹਿਰ ਵਿੱਚ ਭਰੀ ਅਸਾਮੀ ਵਾਧੂ ਹੈ ਅਤੇ ਉਸੇ ਸ਼ਹਿਰ ਵਿੱਚ ਹੀ ਅਸਾਮੀ ਦੀ ਲੋੜ ਹੈ ਤਾਂ ਉਹ ਅਸਾਮੀ ਉਸੇ ਸ਼ਹਿਰ ਵਿੱਚ ਹੀ ਅਧਿਆਪਕ ਸਮੇਤ ਲੋੜਵੰਦ ਸਕੂਲ ਵਿੱਚ ਸ਼ਿਫਟ ਕੀਤੀ ਜਾਵੇ । ਜੇਕਰ ਸ਼ਹਿਰ ਵਿੱਚੋਂ ਭਰੀ ਅਸਾਮੀ ਸਰਪਲਸ ਹੋ ਗਈ ਹੈ ਤਾਂ ਉਸਨੂੰ ਲੋੜਵੰਦ ਪੇਂਡੂ ਸਕੂਲ ਵਿੱਚ ਸ਼ਹਿਰ ਵਿੱਚੋਂ ਲੰਬੀ ਠਹਿਰ ਵਾਲੇ ਅਧਿਆਪਕ ਸਮੇਤ ਪੋਸਟ ਸ਼ਿਫਟ ਕੀਤੀ ਜਾਵੇ । ਪਰੰਤੂ ਪੁਰਸ਼ ਇਸਤਰੀ ਅਧਿਆਪਕ ਦੀ ਇੱਕੋ ਜਿਹੀ ਲੰਬੀ ਠਹਿਰ ਹੋਣ ਵਾਲੇ ਕੇਸਾਂ ਵਿੱਚ ਪੁਰਸ਼ ਅਧਿਆਪਕ ਨੂੰ ਹੀ ਸ਼ਹਿਰ ਵਿੱਚੋ ਬਾਹਰ ਲੋੜਵੰਦ ਪੇਂਡੂ ਸਕੂਲਾਂ ਵਿੱਚ ਸ਼ਿਫਟ ਕੀਤਾ ਜਾਵੇ । ਲੜੀ ਨੰ: 5 ਅਤੇ 6 ਤੇ ਦਰਸਾਈਆਂ ਗਈਆਂ ਕੈਟਾਗਰੀਆਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ । ਜੇਕਰ ਕੋਈ ਵੀ ਅਧਿਆਪਕ ਸ਼ਹਿਰ ਤੋਂ ਬਾਹਰ ਪੇਂਡੂ ਸਕੂਲ ਵਿੱਚ ਜਾਣਾ ਚਾਹੁੰਦਾ ਹੋਵੇ ਤਾਂ ਉਸਨੂੰ ਲੋੜਵੰਦ ਪੇਂਡੂ ਸਕੂਲ ਵਿੱਚ ਐਡਜਸਟ ਕਰ ਦਿੱਤਾ ਜਾਵੇ । ਪੁਰਸ਼ /ਇਸਤਰੀ ਅਧਿਆਪਕ ਦੀ ਇੱਕੋ ਜਿਹੀ ਲੰਬੀ ਠਹਿਰ ਹੋਣ ਕਾਰਣ ਪੁਰਸ਼ ਅਧਿਆਪਕ ਨੂੰ ਹੀ ਸ਼ਿਫਟ ਕੀਤਾ ਜਾਵੇ ।
3. ਜਿਹੜਾ ਅਧਿਆਪਕ 31-03-2009 ਤੋਂ ਬਾਅਦ ਖਾਲੀ ਵਾਧੂ ਥਾਂ ਤੇ ਜਾਂ ਸਮੇਤ ਅਸਾਮੀ ਸਕੂਲ ਵਿੱਚ ਗੈਰ ਲੋੜੀਂਦੀ ਥਾਂ ਤੇ ਆਇਆ ਹੋਵੇ ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਉਸ ਨੂੰ ਹੀ ਸ਼ਿਫਟ ਕੀਤਾ ਜਾਵੇ ।
4. ਨੇਤਰਹੀਣ, ਅੰਗਹੀਣ (ਜਿੰਨਾਂ ਦਾ ਲੋਅਰ ਲਿੰਬਜ਼ 50% ਪੱਕੇ ਤੌਰ ਤੇ ਨਕਾਰਾ ਹੋਣ, ਜਿਨ੍ਹਾਂ ਦੀ ਇੱਕ ਜਾਂ ਦੋਵੇਂ ਬਾਹਾਂ ਨਾ ਹੋਣ) ਨੂੰ ਸ਼ਿਫਟ ਨਾ ਕੀਤਾ ਜਾਵੇ । ਇਸ ਤੋਂ ਇਲਾਵਾ ਕਰੋਨਿਕ ਬਿਮਾਰੀਆਂ ਜਿਵੇਂ ਕੈਂਸਰ, ਏਡਜ਼(ਐਚ.ਆਈ.ਵੀ ਪਾਜੇਟਿਵ), ਹੈਪੇਟਾਇਟਿਸ ਬੀ ਅਤੇ ਸੀ ਅਤੇ ਦਿਲ ਦੇ ਗੰਭੀਰ ਰੋਗੀ ਨੂੰ ਵੀ ਸ਼ਿਫਟ ਨਾ ਕੀਤਾ ਜਾਵੇ ।
5. ਜਿਹਨਾਂ ਅਧਿਆਪਕਾਂ /ਅਧਿਅਪਾਕਾਵਾਂ ਦੀ ਰਿਟਾਇਰਮੈਂਟ ਵਿੱਚ ਦੋ ਸਾਲ ਜਾਂ ਇਸ ਤੋਂ ਘੱਟ ਦਾ ਸਮਾਂ ਰਹਿੰਦਾ ਹੋਵੇ, ਉਹਨਾਂ ਨੂੰ ਸ਼ਿਫਟ ਨਾ ਕੀਤਾ ਜਾਵੇ ।
6. ਮਿਡਲ ਸਕੂਲਾਂ ਵਿੱਚ ਕੇਵਲ ਬੀ.ਐਸ.ਸੀ ਨਾਨ ਮੈਡੀਕਲ ਸਾਇੰਸ ਅਧਿਆਪਕ ਹੀ ਰੱਖੇ ਜਾਣ ਅਤੇ ਕਿਸੇ ਵੀ ਸੂਰਤ ਵਿੱਚ ਕੇਵਲ ਬੀ.ਐਸ.ਸੀ ਮੈਡੀਕਲ ਜਾਂ ਹਿਸਾਬ ਨਾਲ ਕੀਤੀ ਬੀ.ਏ ਵਾਲੇ ਅਧਿਆਪਕ ਨਾ ਰੱਖਿਆ ਜਾਵੇ ।
7. ਜਿਹੜੇ ਸਕੂਲਾਂ ਨੂੰ ਅੰਗਰੇਜ਼ੀ ਅਧਿਆਪਕ ਦੀ ਅਸਾਮੀ ਦਿੱਤੀ ਗਈ ਹੋਵੇ ਉਸਨੂੰ ਵਾਧੂ ਨਾ ਐਲਾਨਿਆ ਜਾਵੇ । ਉਦਾਹਰਨ ਵਜੋਂ ਅਗਰ ਕਿਸੇ ਸਕੂਲ ਵਿੱਚ ਸ.ਸ. ਦੀਆਂ ਅਸਾਮੀਆਂ ਵਾਧੂ ਹਨ, ਤਾਂ ਅੰਗਰੇਜ਼ੀ ਅਧਿਆਪਕ ਨੂੰ ਰੈਸ਼ਨੇਲਾਈਜ਼ੇਸ਼ਨ ਲਈ ਨਹੀ ਵਿਚਾਰਿਆ ਜਾਵੇਗਾ । ਭਾਵੇਂ ਕਿ ਉਸਦੀ ਠਹਿਰ ਸ.ਸ. ਅਧਿਆਪਕਾਂ ਨਾਲੋਂ ਜ਼ਿਆਦਾ ਹੋਵੇ ।

8. ਮਿਡਲ ਸਕੂਲ ਵਿੱਚ ਚਾਰ ਸੈਕਸ਼ਨਾਂ ਤੱਕ ਸ.ਸ. ਅਤੇ ਸਾਇੰਸ ਵਿਸ਼ੇ ਦੀ ਇੱਕ-2 ਅਸਾਮੀ ਹੀ ਰਹੇਗੀ । ਮੈਥ ਦੀ ਕੋਈ ਵੱਖਰੀ ਅਸਾਮੀ ਨਹੀ ਹੋਵੇਗੀ ਅਤੇ ਸਾਇੰਸ ਅਧਿਆਪਕ ਨਾਨ-ਮੈਡੀਕਲ ਵਾਲੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ । ਵਿਦਿਆਰਥੀਆਂ ਦੀ ਗਿਣਤੀ ਅਤੇ ਸੈਕਸ਼ਨਾਂ ਦਾ ਵਾਧਾ ਹੋਣ ਦੀ ਸੂਰਤ ਵਿੱਚ ਜ਼ਰੂਰਤ ਅਨੁਸਾਰ ਮੈਡੀਕਲ ਗਰੁੱਪ ਦੇ ਸਾਇੰਸ ਅਧਿਆਪਕ ਨੂੰ ਵਿਚਾਰਿਆ ਜਾ ਸਕਦਾ ਹੈ ।
9. ਜ਼ਿਲ੍ਹੇ ਵਿੱਚ ਵਾਧੂ ਖਾਲੀ ਜਾਂ ਭਰੀਆਂ ਅਸਾਮੀਆਂ ਮੰਡਲ ਪੂਲ/ਰਾਜ ਪੂਲ ਵਿੱਚ ਚਲੀਆਂ ਜਾਣਗੀਆਂ ।

ਇਹ ਪਾਲਿਸੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ ।

ਮਿਤੀ:ਚੰਡੀਗੜ੍ਹ:22-12-2009

**ਜੀ.ਐਸ.ਗਰੇਵਾਲ**
**ਸਕੱਤਰ, ਪੰਜਾਬ ਸਰਕਾਰ,**
**ਸਿੱਖਿਆ ਵਿਭਾਗ (ਸਕੂਲਜ਼)**

ਪਿੱਠ ਅੰਕਣ ਨੰ:18/348/09-5ਸਿ2-6514-23 ਮਿਤੀ ਚੰਡੀਗੜ੍ਹ:29-12-2009

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
2) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਪਾਲਿਸੀ / ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਪਾਲਿਸੀ ਨੂੰ ਤੁਰੰਤ ਅਪਣੀ ਵੈਬ-ਸਾਈਟ ਤੇ ਅਪਲੋਡ ਕਰਵਾਇਆ ਜਾਵੇ ।
3) ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.) ਪੰਜਾਬ, ਚੰਡੀਗੜ੍ਹ ।
4) ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
5) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਪੰਜਾਬ।
6) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਪੰਜਾਬ।
7) ਸੁਪਰਡੰਟ ਸਿੱਖਿਆ -3,4,5,6 ਅਤੇ 7 ਸ਼ਾਖਾ।

**ਵਿਸ਼ੇਸ ਸਕੱਤਰ ਸਕੂਲ ਸਿੱਖਿਆ(ਕੇ)**

ਅੰਦਰੂਨੀ ਵੰਡ:

ੳ) ਸਕੱਤਰ /ਸਿੱਖਿਆ ਮੰਤਰੀ ਪੰਜਾਬ ।
ਅ) ਨਿਜੀ ਸਕੱਤਰ / ਮੁੱਖ ਸੰਸਦੀ ਸਕੱਤਰ ਸਿੱਖਿਆ ਪੰਜਾਬ ।
ੲ) ਨਿਜੀ ਸਕੱਤਰ / ਸਕੂਲ ਸਿੱਖਿਆ ਪੰਜਾਬ ।
ਸ) ਨਿਜੀ ਸਹਾਇਕ / ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ (ਐਮ)।
ਹ) ਨਿਜੀ ਸਹਾਇਕ / ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ (ਕੇ)।
ਕ) ਨਿਜੀ ਸਹਾਇਕ / ਵਧੀਕ ਸਕੱਤਰ ਸਕੂਲ ਸਿੱਖਿਆ ਪੰਜਾਬ।